بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਅਾ 23.12.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਜਮਾਤ ਦੀ ਤਰੱਕੀ ਅਤੇ ਦੁਸ਼ਮਣ ਦੀ ਤਬਾਹੀ ਦੁਆਵਾਂ ਨਾਲ ਹੋਣੀ ਹੈ, ਇੰਸ਼ਾਅਲੱਾਹ ਇਸ ਲਈ ਆਪਣੀਆਂ ਹਾਲਤਾਂ ਨੂੰ ਰੱਬ ਦੀ ਸਿੱਖਿਆ ਅਨੁਸਾਰ ਢਾਲਦਿਆਂ ਹੋਇਆ ਆਪਣੇ ਅੰਦਰ ਸੰਜਮਤਾ ਪੈਦਾ ਕਰਦਿਆਂ ਹੋਇਆਂ ਰੱਬ ਅੱਗੇ ਝੁਕੋ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 23 ਦਸੰਬਰ 2016 ਈ. ਨੂੰ ਮਸਜਿਦ ਬੈਤੁਲ ਫ਼ਤੂਹ (ਲੰਦਨ) ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਜਮਾਤ ਅਹਮਦੀਆਂ ਦੀ ਵਿਰੋਧਤਾ ਅਤੇ ਜਮਾਤ ਦੇ ਲੋਕਾਂ ਉਪੱਰ ਜਮਾਤ ਦੇ ਵਿਰੋਧੀਆਂ ਵੱਲੋਂ ਕੀਤੇ ਜਾਣ ਵਾਲੇ ਅਤਿਆਚਾਰ ਕੋਈ ਨਵੀ ਚੀਜ਼ ਨਹੀਂ ਹੈ ਅਤੇ ਨ ਹੀ ਨਬੀਆਂ ਦੀਆਂ ਜਮਾਤਾਂ ਦੀ ਵਿਰੋਧਤਾ ਕੋਈ ਨਵੀਂ ਗੱਲ ਹੈ । ਸਾਰੇ ਸ਼ੈਤਾਨ ਇਕੱਠੇ ਹੋਕੇ ਵਿਰੋਧਥਾ ਕਰਦੇ ਹਨ । ਮੌਲਵੀ ਤੇ ਲੀਡਰ ਸਾਧਾਰਣ ਲੋਕਾਂ ਸਾਹਮਣੇ ਅਦਭੁੱਤ ਪ੍ਰਕਾਰ ਦੀਆਂ ਗੱਲਾਂ ਨਬੀਆਂ ਤੇ ਓਹਨਾਂ ਦੇ ਮੰਨਣ ਵਾਲਿਆਂ ਵੱਲ ਮੜ੍ਹਕੇ ਵਰਨਣ ਕਰਦੇ ਹਨ, ਉਹਨਾਂ ਨੂੰ ਭੜਕਾਉਂਦੇ ਹਨ । ਘ੍ਰਿਣਾ ਦੀਆਂ ਅੱਗਾਂ ਬਾਲ੍ਹਣ ਦਾ ਜਤਨ ਕਰਦੇ ਹਨ । ਰੱਬ ਨੇ ਕੁਰਆਨ ਕਰੀਮ ਵਿੱਚ ਇਹ ਵਰਨਣ ਕਰਕੇ ਸਪਸ਼ਟ ਕਰ ਦਿੱਤਾ ਕਿ ਹਰ ਰਸੂਲ ਦੀ ਵਿਰੋਧਤਾ ਹੁੰਦੀ ਹੈ ਕੋਈ ਨਬੀ ਨਹੀਂ ਜਿਸ ਦੀ ਵਿਰੋਧਤਾ ਨ ਹੋਈ ਹੋਵੇ । ਨਬੀਆਂ ਨਾਲ ਠੱਠਾ ਵੀ ਕੀਤਾ ਜਾਂਦਾ ਹੈ । ਓਹਨਾਂ ਦੇ ਕੰਮਾ ਵਿੱਚ ਰੋਕਾਂ ਪਾਉਣ ਲਈ ਸ਼ੈਤਾਨ ਜਤਨ ਵੀ ਕਰਦਾ ਹੈ । ਇਉਂ ਇਹ ਕੋਈ ਨਵੀਂ ਚੀਜ਼ ਨਹੀਂ ਜਿਸ ਦਾ ਜਮਾਤ ਅਹਮਦੀਆ ਨੂੰ ਸਾਹਮਣਾ ਹੈ । ਰੱਬ ਕੁਰਆਨ ਕਰੀਮ ਵਿੱਚ ਇਸ ਗੱਲ ਨੂੰ ਵਰਨਣ ਕਰਦਿਆਂ ਹੋਇਆਂ ਫ਼ਰਮਾਉਂਦਾ ਹੈ ਕਿ (و کذلك جعلنا لکل نبی عدوا شیٰطین الانس والجن یوحی بعضھم الی بعض زخرف القول غرورا ۔) "ਵਕਾਜ਼ਾਲਿਕਾ ਜਾਅਲੱਨਾ ਲਿਕੁੱਲਿ ਨਬੀਯ ਉਦੁਵੱ ਸ਼ੈਤਾਨਿ ਇੰਸ ਵ ਜਿੰਨ ਯੂਹੀ ਬਾਜ਼ੁਹੁਮ ਇਲਾ ਬਾਜ਼ ਜ਼ਖ਼ਰਫ਼ ਕੌਲ ਗ਼ਰੂਰਾ" ਅਸੀਂ ਮਨੁੱਖਾਂ ਤੇ ਜਿਨਾ ਵਿੱਚ ਸਿਰਕਢੱਾਂ ਨੂੰ ਇਸ ਪ੍ਰਕਾਰ ਹਰ ਇਕ ਨਬੀ ਦਾ ਦੁਸ਼ਮਣ ਬਣਾ ਦਿੱਤਾ ਸੀ । ਉਹਨਾਂ ਵਿੱਚੋਂ ਕਈ ਕਈਆਂ ਨੂੰ ਆਪ ਘੜੀਆਂ ਹੋਈਆਂ ਗਲੱਾਂ ਧੋਖਾ ਦਿੰਦਿਆਂ ਹੋਇਆਂ ਵਹੀ (ਅਕਾਸ਼ਵਾਣੀ) ਕਰਦੇ ਹਨ, ਅਰਥਾਤ ਧੋਖਾ ਦੇਣ ਵਾਲੇ ਵਿਚਾਰ ਲੋਕਾਂ ਦੇ ਮਨਾਂ ਵਿੱਚ ਪਾਉਂਦੇ ਹਨ ।

ਰੱਬ ਦੀ ਇਹ ਗੱਲ ਅੱਜ ਵੀ ਸੱਚ ਹੈ । ਇਹ ਸਿਰਕੱਢ ਮੌਲਵੀ ਧਰਮ ਦੇ ਨਾਂ'ਤੇ ਧੋਖਾ ਦਿੰਦੇ ਹਨ ਅਤੇ ਧੋਖਾ ਦਿੰਦਿਆਂ ਹੋਇਆਂ ਸਾਧਾਰਣ ਲੋਕਾਂ ਨੂੰ ਭੜਕਾਉਂਦੇ ਹਨ ਅਤੇ ਕਈ ਲੀਡਰ ਵੀ ਇਹਨਾਂ ਨਾਲ ਮਿਲੇ ਹੋਏ ਹਨ । ਹਜ਼ਰਤ

ਮਸੀਹ ਮੌਊਦ ਅਲੈਹਿ ਸਲਾਮ ਅਤੇ ਆਪ ਦੀ ਜਮਾਤ ਵੱਲ ਅਜੀਹਿਆਂ ਗਲੱਾਂ ਮੜ੍ਹੀਆਂ ਜਾਂਦੀਆਂ ਹਨ ਜਿੰਨਾਂ ਦਾ ਕੋਈ ਵੁਜੂਦ ਹੀ ਨਹੀਂ ਹੈ ਹਕੀਕਤ ਨਾਲ ਕੋਈ ਵਾਸਤਾ ਹੀ ਨਹੀਂ । ਇਸੇ ਪ੍ਰਕਾਰ ਦੂਜੀਆਂ ਗਲੱਾਂ ਵੀ ਇਹ ਲੋਕ ਜਮਾਤ ਬਾਰੇ ਕਰਦੇ ਹਨ ਜਾਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦਾ ਠਠੱਾ ਕਰਦੇ ਹਨ । ਇਹ ਸਾਰੀਆਂ ਗੱਲਾਂ ਰੱਬ ਨੇ ਕੁਰਆਨ ਕਰੀਮ ਵਿੱਚ ਫ਼ਰਮਾਈਆਂ ਹਨ ਕਿ ਨਬੀਆਂ ਨਾਲ ਇਹ ਸਭ ਕੁਝ ਹੁੰਦਾ ਹੈ । ਝੂਠ ਵੀ ਉਹਨਾਂ'ਤੇ ਬੋਲਿਆ ਜਾਂਦਾ ਹੈ, ਉਹਨਾਂ ਦਾ ਠਠੱਾ ਵੀ ਕੀਤਾ ਜਾਂਦਾ ਹੈ ਮਖ਼ੌਲ ਵੀ ਉਡਾਇਆ ਜਾਂਦਾ ਹੈ । ਸੋ, ਇਕ ਇਮਾਨ ਉਪੱਰ ਕਾਇਮ ਅਹਮਦੀ ਲਈ ਇਹ ਵਿਰੋਧਤਾ ਅਤੇ ਸਾਨੂੰ ਕਸ਼ਟ ਦੇਣਾ ਇਕ ਸੱਚੇ ਅਹਮਦੀ ਦੇ ਇਮਾਨ ਵਿੱਚ ਵਾਧੇ ਦਾ ਸਬਬ ਬਣਦਾ ਹੈ ਪਰ ਕਈ ਲੋਕ ਅਜਿਹੇ ਵੀ ਹਨ ਜੋ ਕਹਿੰਦੇ ਹਨ ਕਿ ਹੁਣ ਅਸੀਂ ਅਹਮਦੀਆਂ ਉਪੱਰ ਜ਼ੁਲਮ ਦੀ ਅਤਿ ਹੋ ਚੁੱਕੀ ਹੈ ਅਤੇ ਹੁਣ ਸਾਨੂੰ ਸਖ਼ਤੀ ਦਾ ਉਤੱਰ ਸਖ਼ਤੀ ਨਾਲ ਦੇਣਾ ਚਾਹੀਦਾ ਹੈ । ਕਿੰਨ੍ਹਾ ਚਿਰ ਅਸੀਂ ਕਸ਼ਟ ਝਲੱਾਂਗੇ, ਭਾਵੇਂ ਇਕ ਦੋ ਜਾਂ ਕੁਝ ਇਕ ਹੋਣ, ਕਈ ਅਜਿਹੇ ਨੌਜੁਆਨਾਂ ਦੀਆਂ ਸੋਚਾਂ ਨੂੰ ਵਿਸ਼ ਨਾਲ ਭਰਨ ਦਾ ਜਤਨ ਕਰਦੇ ਹਨ ਇਹ ਵੀ ਕਹਿੰਦੇ ਹਨ ਕਿ ਸਾਨੂੰ ਆਪਣੀਆਂ ਮੰਗਾ ਮਨਵਾਉਣ ਲਈ ਆਪਣੀ ਆਜ਼ਾਦੀ ਲਈ ਸੰਸਾਰਕ ਤਰੀਕੇ ਅਪਨਾਉਣੇ ਚਾਹੀਦੇ ਹਨ । ਇਹ ਮੂਰਖਤਾ ਦੀਆਂ ਗੱਲਾਂ ਹਨ ਅਤੇ ਅਤਿਅੰਤ ਵਿਪਰੀਤ ਸੋਚ ਹੈ, ਜਾਂ ਤਾਂ ਅਜਿਹੇ ਲੋਕ ਭਾਵਨਾਤਮਕ ਹੋ ਕੇ ਇਹ ਭੁੱਲ ਗਏ ਹਨ ਕਿ ਸਾਡੀ ਮੁਢੱਲੀ ਸਿੱਖਿਆ ਕੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸਾਡੇ ਕੋਲੋਂ ਕੀ ਚਾਹੁੰਦੇ ਹਨ । ਆਪਣੀ ਜਮਾਤ ਨੂੰ ਇਹਨਾਂ ਸਖ਼ਤੀਆਂ ਤੇ ਕਸ਼ਟਾਂ ਨੂੰ ਝਲੱਣ ਲਈ ਕੀ ਨਸੀਹਤਾਂ ਕੀਤੀਆਂ ਹਨ । ਜਾਂ ਫਿਰ ਹਮਦਰਦ ਬਣਕੇ ਜਮਾਤ ਵਿੱਚ ਵਿਤਕਰਾ (ਮਤਿਭੇਤ) ਪਾਉਂਣਾ ਚਾਹੁੰਦੇ ਹਨ । ਜਿਵੇਂ ਜਿਵੇਂ ਜਮਾਤ ਵਧਦੱੀ ਹੈ ਵਿਰੋਧੀ ਵੱਖ ਵੱਖ ਤਰੀਕਿਆਂ ਨਾਲ ਹਮਲਾ ਕਰਦੇ ਹਨ, ਵੱਖ ਵੱਖ ਢੰਗ ਅਪਣਾਏ ਜਾਂਦੇ ਹਨ, ਹੋ ਸਕਦਾ ਹੈ ਇਹ ਵੀ ਇਕ ਤਰੀਕਾ ਹੋਵੇ । ਅਲੱਾਹ ਤਆਲਾ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਫ਼ਤਹਿ, ਸਹਾਇਤਾ ਤੇ ਤਰੱਕੀ ਦੇ ਵਾਦੇ ਕੀਤੇ ਹਨ ਪਰ ਸਖ਼ਤੀ ਦਾ ਉਤੱਰ ਸਖ਼ਤੀ ਨਾਲ ਦੇਣ ਨਾਲ ਨਹੀਂ ਸਗੋਂ ਪਿਆਰ, ਮੁਹਬੱਤ ਤੇ ਦੁਆਵਾਂ ਵੱਲ ਧਿਆਨ ਦੇਣ ਨਾਲ ਅਤੇ ਇਹੋ ਗੱਲ ਆਪ ਅਲੈਹਿ ਸਲਾਮ ਨੇ ਸਾਨੂੰ ਵਾਰ ਵਾਰ ਸਮਝਾਈ ਕਿ ਜਮਾਤ ਦੀ ਤਰੱਕੀ ਅਤੇ ਦੁਸ਼ਮਣ ਦੀ ਬਰਬਾਦੀ ਦੁਆਵਾਂ ਨਾਲ ਹੋਣੀ ਹੈ, ਇੰਸ਼ਾਅਲੱਾਹ । ਇਸ ਲਈ ਆਪਣੀਆਂ ਹਾਲਤਾਂ ਨੂੰ ਰੱਬ ਦੀ ਸਿਖਿਆ ਅਨੁਸਾਰ ਢਾਲਦਿਆਂ ਹੋਇਆਂ ਆਪਣੇ ਅੰਦਰ ਤਕਵਾ (ਸੰਜਮਤਾ) ਪੈਦਾ ਕਰਦਿਆਂ ਹੋਇਆਂ ਰੱਬ ਅੱਗੇ ਝੁਕੋ । ਮਸੀਹ ਮੌਊਦ ਨੇ ਤਾਂ ਅਮਨ ਦਾ ਸ਼ਹਿਜ਼ਾਦਾ ਬਣਕੇ ਆਉਣਾ ਸੀ ਅਤੇ ਆਇਆ । ਆਪ ਜੀ ਨੇ ਤਾਂ ਆਪਣੇ ਮੰਨ੍ਹਣ ਵਾਲਿਆਂ ਨੂੰ ਪਹਿਲੇ ਦਿਨ ਹੀ ਕਹਿ ਦਿੱਤਾ ਸੀ ਕਿ ਮੇਰੇ ਮਾਰਗ ਸੌਖੇ ਮਾਰਗ ਨਹੀਂ ਹਨ ਇਹਨਾਂ ਵਿੱਚ ਬਹੁਤ ਸਖ਼ਤੀਆਂ ਤੇ ਔਕੁੜਾਂ ਹਨ ਏਥੇ ਭਾਵਨਾਵਾਂ ਨੂੰ ਵੀ ਮਾਰਨਾ ਹੋਵੇਗਾ ਅਤੇ ਭੌਤਕ ਤੇ ਆਰਥਕ (ਜਾਨੀ ਵ ਮਾਲੀ) ਹਾਣ ਨੂੰ ਵੀ ਝਲੱਣਾ ਪਏਗਾ । ਰੱਬ ਦੀ ਅਪਾਰ ਕਿਰਪਾ ਨਾਲ ਜਮਾਤ ਦੇ ਲੋਕ ਇਸ ਮਾਰਗ ਵਿੱਚ ਹਰ ਪ੍ਰਕਾਰ ਦੀ ਕੁਰਬਾਨੀ ਕਰਦੇ ਚਲੇ ਆ ਰਹੇ ਹਨ ਅਤੇ ਜਿਵੇਂ ਕਿ ਮੈਂ ਬੀਤੇ ਖ਼ੁਤਬਿਆਂ ਵਿੱਚ ਵਰਨਣ ਵੀ ਕੀਤਾ ਸੀ ਕਿ ਮੈਨੂੰ ਲਿਖੱਦੇ ਹਨ ਕਿ ਦੁਸ਼ਮਣ ਦੇ ਹਮਲਿਆਂ ਤੋਂ ਅਸੀਂ ਨਹੀਂ ਡਰਦੇ ਸਾਡੇ ਇਮਾਨ ਪਹਿਲਾਂ ਨਾਲੋਂ ਵੀ ਵੱਧ ਮਜ਼ਬੂਤ ਹੋ ਰਹੇ ਹਨ ਪਰ ਜੇਕਰ ਕੋਈ ਇਕ ਅੱਧ ਮਨੁੱਖ ਵੀ ਅਜਿਹੀ ਗੱਲ ਕਰੇ ਜੋ ਜਮਾਤੀ ਸਿੱਖਿਆ ਦੇ ਵਿਰੁੱਧ ਹੈ ਤਾਂ ਫ਼ਸਾਦ ਪੈਦਾ ਕਰਨ ਵਾਲੀ ਗੱਲ ਹੈ ਅਤੇ ਦੁਸ਼ਮਣ ਨੂੰ ਆਪਣੇ ਵਿਰੁਧ ਹੋਰ ਵਿਰੋਧਤਾ ਦਾ ਮੌਕਾ ਦੇਣਾ ਹੈ । ਵਿਸ਼ੇਸ਼ ਰੂਪ ਵਿੱਚ ਜੱਦ ਅਜਿਹੀਆਂ ਗਲੱਾਂ ਵਾਟਸਐਪ ਉਪੱਰ ਜਾਂ ਟਵਿਟੱਰ ਉਪੱਰ ਜਾਂ ਫ਼ੇਸਬੁਕ ਉਪੱਰ ਜਾਂ ਕਿਸੇ ਹੋਰ ਸਾਧਨ ਰਾਹੀਂ ਕੀਤੀਆਂ ਜਾਣ । ਸੋ, ਅਸੀਂ ਤਾਂ ਉਸ ਸਿੱਖਿਆ ਉਪੱਰ ਅਮਲ ਕਰਦੇ ਆਏ ਹਨ ਕਿ ਅਸੀਂ ਵਿਰੋਧੀਆਂ ਦੇ ਜ਼ੁਲਮ ਅਤੇ ਅਤਿਆਚਾਰਾਂ ਦੇ ਟਾਕਰੇ'ਤੇ ਅਸੀਂ ਜ਼ੁਲਮ ਤੇ ਅਤਿਆਚਾਰ ਨਹੀਂ ਦਿਖਾਉਣਾ । ਅਜਿਹੇ ਪ੍ਰਗਟਾਵੇ ਅਸੀਂ ਨਹੀਂ ਕਰਨੇ ਅਤੇ ਨ ਹੀ ਹੁਕੂਮਤਾਂ ਨਾਲ ਅਸੀਂ ਹੱਥਿਆਰਾਂ ਨਾਲ ਟਾਕਰਾ ਕਰਨਾ ਹੈ । ਸਾਡਾ ਮੁਕਾਬਲਾ ਦੁਆਵਾਂ ਦੇ ਹੱਥਿਆਰਾਂ ਨਾਲ ਹੈ ਜਿਵੇਂ ਕਿ ਮੈਂ ਕਿਹਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਾਨੂੰ ਇਹ ਸਿੱਖਿਆ ਦਿੱਤੀ ਹੈ ਕਿ ਜੇਕਰ ਰੱਬ ਦੀ ਮਦਦ ਤੇ ਉਸ ਦੇ ਪਿਆਰ ਨੂੰ ਹਾਸਲ ਕਰਨਾ ਹੈ ਤਾਂ ਦੁਸ਼ਮਣ ਦੇ

ਹਮਲਿਆਂ ਤੇ ਵਧੀਕੀਆਂ ਦਾ ਉੱਤਰ ਇਉਂ ਨਹੀਂ ਦੇਣਾ ਸਗੋਂ ਸਬਰ ਨਾਲ ਅਤੇ ਦੁਆਵਾਂ ਨਾਲ ਕੰਮ ਲੈਂਣਾ ਹੈ ਫਿਰ ਹੀ ਅਸੀਂ ਸਫ਼ਲਤਾਵਾਂ ਨੂੰ ਦੇਖਾਂਗੇ । ਇਸ ਪ੍ਰਕਾਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ, ਹੇ, ਮੇਰੇ ਮਿਤੱਰੋ ! ਜੋ ਮੇਰੀ ਜਮਾਤ ਵਿੱਚ ਦਾਖ਼ਲ ਹੋ, ਰੱਬ ਸਾਨੂੰ ਤੇ ਤੁਹਾਨੂੰ ਇਹਨਾਂ ਗੱਲਾਂ ਦੀ ਤੌਫ਼ੀਕ ਦੇਵੇ ਜਿੰਨ੍ਹਾ ਤੋਂ ਉਹ ਰਾਜ਼ੀ ਹੋ ਜਾਵੇ । ਅੱਜ ਤੁਸੀਂ ਥੋੜੇ ਹੋ ਅਤੇ ਨਫ਼ਰਤ ਦੀ ਦ੍ਰਿਸ਼ਟੀ ਨਾਲ ਦੇਖੇ ਗਏ ਹੋ ਅਤੇ ਇਕ ਔਕੁੜ ਦਾ ਸਮਾਂ ਤੁਹਾਡੇ ਉਪੱਰ ਹੈ ਉਸੇ ਇਲਾਹੀ ਮਰਿਆਦਾ ਅਨੁਸਾਰ ਜੱਦ ਤੋਂ ਦੀਨ (ਧਰਮ) ਜਾਰੀ ਹੈ । ਹਰ ਪਾਸਿਓਂ ਜਤਨ ਹੋਵੇਗਾ ਕਿ ਤੁਸੀਂ ਠੋਕਰ ਖਾਓ ਅਤੇ ਤੁਸੀਂ ਹਰ ਪ੍ਰਕਾਰ ਸਤਾਏ (ਤੰਗ ਕੀਤੇ) ਜਾਓਗੇ ਅਤੇ ਭਾਂਤ ਭਾਂਤ ਦੀਆਂ ਗਲੱਾਂ ਤੁਹਾਨੂੰ ਸੁਨਣੀਆਂ ਪੈਣਗੀਆਂ ਅਤੇ ਹਰ ਇਕ ਜੋ ਤੁਹਾਨੂੰ ਮੂੰਹੋਂ ਜਾਂ ਹਥੱਾਂ ਨਾਲ ਦੁੱਖ ਦੇਵੇਗਾ ਉਹ ਖ਼ਿਆਲ ਕਰੇਗਾ ਕਿ ਇਸਲਾਮ ਦੀ ਸਹਾਇਤਾ (ਹਿਮਾਇਤ) ਕਰ ਰਿਹਾ ਹੈ ਅਤੇ ਕੁਝ ਆਕਾਸ਼ੀ ਔਕੁੜਾਂ ਵੀ ਤੁਹਾਡੇ ਉਪੱਰ ਆਉਣ ਗੀਆਂ ਤਾਂ ਜੋ ਤੁਸੀਂ ਹਰ ਪੱਖੋਂ ਅਜ਼ਮਾਏ ਜਾਓ । ਸੋ, ਤੁਸੀਂ ਇਸ ਸਮੇਂ ਸੁਣ ਰੱਖੋ ਕਿ ਤੁਹਾਡੀ ਫ਼ਤਹਿ ਤੇ ਵਿਜੇਈ ਹੋ ਜਾਣ ਦੇ ਇਹ ਮਾਰਗ ਨਹੀਂ ਕਿ ਤੁਸੀਂ ਆਪਣੀਆਂ ਖ਼ੁਸ਼ਕ ਕੂਟਨੀਤੀਆਂ ਤੋਂ ਕੰਮ ਲਓ ਜਾਂ ਹਾਸੇ ਠੱਠੇ ਦੇ ਟਾਕਰੇ'ਤੇ ਹਾਸੇ ਠੱਠੇ ਦੀ ਗੱਲ ਕਰੋ । ਜਾਂ ਗਾਲ੍ਹ ਦੇ ਮੁਕਾਬਲੇ ਵਿੱਚ ਗਾਲ੍ਹ ਕੱਢੋ, ਕਿਉਂਕਿ ਜੇਕਰ ਤੁਸੀਂ ਇਹੋ ਮਾਰਗ ਆਪਣਾਇਆ ਤਾਂ ਤੁਹਾਡੇ ਦਿਲ ਕਰੜ੍ਹੇ ਹੋ ਜਾਣਗੇ ਅਤੇ ਤੁਹਾਡੇ ਵਿੱਚ ਕੇਵਲ ਗਲੱਾਂ ਹੀ ਗਲੱਾਂ ਹੋਣਗੀਆਂ ਜਿੰਨ੍ਹਾ ਨਾਲ ਰੱਬ ਨਫ਼ਰਤ ਕਰਦਾ ਹੈ ਅਤੇ ਘ੍ਰਿਣਾ ਦੀ ਦ੍ਰਿਸ਼ਟੀ ਨਾਲ ਦੇਖਦਾ ਹੈ, ਸੋ, ਤੁਸੀਂ ਅਜਿਹਾ ਨ ਕਰੋ ਕਿ ਆਪਣੇ ਉਪੱਰ ਦੋ ਲਾਨ੍ਹਤਾਂ ਇਕੱਠੀਆਂ ਕਰ ਲਓ ਇਕ ਖ਼ਲਕਤ ਦੀ ਦੂਜੀ ਰੱਬ ਦੀ ਵੀ ।

ਸੋ, ਅਸੀਂ ਤਾਂ ਇਸ ਸਿੱਖਿਆ ਉਪੱਰ ਅਮਲ ਕਰਨਾ ਹੈ ਅਤੇ ਇਸ ਹਿਦਾਇਤ ਉਪੱਰ ਚਲੱਣਾ ਹੈ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਾਨੂੰ ਦਿੱਤੀ ਹੈ । ਅਸੀਂ ਗਾਲ੍ਹਾਂ ਦਾ ਉੱਤਰ ਨ ਗਾਲ੍ਹਾਂ ਨਾਲ ਦੇਣਾ ਹੈ, ਨ ਫ਼ਸਾਦ ਦਾ ਉੱਤਰ ਫ਼ਸਾਦ ਪੈਦਾ ਕਰਕੇ ਦੇਣਾ ਹੈ ਅਤੇ ਨ ਕਾਨੂਨ ਨੂੰ ਆਪਣੇ ਹੱਥਾਂ ਵਿੱਚ ਲੈਕੇ ਦੇਣਾ ਹੈ ਅਤੇ ਫਿਰ ਪਾਕਿਸਤਾਨ ਅਤੇ ਮੁਸਲਮਾਨ ਦੇਸ਼ਾਂ ਵਿੱਚ ਤਾਂ ਜੇਕਰ ਜਾਇਜ਼ ਤੌਰ'ਤੇ ਵੀ ਆਪਣੀ ਰੱਖਿਆ ਕਰਨ ਤਾਂ ਅਧਿਕਤਰ ਇਹੋ ਦੇਖਿਆ ਗਿਆ ਹੈ ਕਿ ਕਾਨੂਨ ਬਜਾਏ ਸਾਡਾ ਸਾਥ ਦੇਣ ਦੇ ਜ਼ਾਲਮ ਦਾ ਸਾਥ ਦਿੰਦਾ ਹੈ । ਮਜ਼ਲੂਮ ਅਹਮਦੀ ਕੈਦੀਆਂ ਦੀ ਜ਼ਮਾਨਤ ਵੀ ਇਸ ਲਈ ਨਹੀਂ ਲਈ ਜਾਂਦੀ ਕਿ ਅਦਾਲਤਾਂ ਮੌਲਵੀਆਂ ਅੱਗੇ ਬੇਬਸ ਹਨ । ਅਦਾਲਤ ਦੇ ਬਾਹਰ ਖੜਾ ਮੌਲਵੀ ਅਦਾਲਤ ਨੂੰ ਸੰਦੇਸ਼ ਭੇਜ ਦਿੰਦਾ ਹੈ ਕਿ ਜੇਕਰ ਜ਼ਮਾਨਤ ਦਿੱਤੀ ਤਾਂ ਫਿਰ ਤੂੰ ਆਪਣਾ ਹਾਲ ਦੇਖ ਲੈਂਣਾ ਅਤੇ ਫਿਰ ਜੱਜ ਖ਼ੌਫ਼ ਦੇ ਮਾਰੇ ਅਗੱਲੀ ਮਿਤੀ ਪਾ ਦਿੰਦੇ ਹਨ ਅਤੇ ਫ਼ੈਸਲਾ ਨਹੀਂ ਕਰਦੇ । ਸੋ, ਨ ਕਾਨੂਨ ਲਾਗੂ ਕਰਨ ਵਾਲੇ ਸਾਡਾ ਸਾਥ ਦੇਣ ਨੂੰ ਤਿਆਰ ਹਨ, ਨ ਕਾਨੂਨ ਇਨਸਾਫ਼ ਕਰਨ ਲਈ ਤਿਆਰ ਹੈ । ਦੇਸ਼ ਵਿੱਚ ਫ਼ਸਾਦ ਕਰਨਾ ਸਾਡੀ ਸਿੱਖਿਆ ਨਹੀਂ ਹੈ । ਸੋ ਇਕ ਹੀ ਮਾਰਗ ਹੈ ਕਿ ਰੱਬ ਦੇ ਦਰ ਨੂੰ ਫੜ ਲਈਏ ਅਤੇ ਦੁਆਵਾਂ ਦੀ ਅਤਿ ਕਰ ਦੇਈਏ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਕ ਥਾਂ ਫ਼ਰਮਾਇਆ ਕਿ ਜੇਕਰ ਕੋਈ ਗਾਲ੍ਹਾਂ ਕੱਢੇ ਤਾਂ ਸਾਡੀ ਸਿਕਾਇਤ ਰੱਬ ਦੀ ਹਜ਼ੂਰੀ ਵਿੱਚ ਹੈ ਨ ਕਿ ਕਿਸੇ ਹੋਰ ਅਦਾਲਤ ਵਿੱਚ ਅਤੇ ਹਾਂ, ਮਾਨਵਤਾ ਦੀ ਹਮਦਰਦੀ ਸਾਡਾ ਅਧਿਕਾਰ ਹੈ । ਗਾਲ੍ਹਾਂ ਸੁਣਕੇ ਵੀ ਅਸੀਂ ਮਾਨਵਤਾ ਦੀ ਹਮਦਰਦੀ ਕਰਨੀ ਹੈ । ਸੋ, ਸਾਡੇ ਵਿੱਚੋਂ ਹਰ ਇਕ ਨੂੰ ਚਾਹੀਦਾ ਹੈ ਕਿ ਸਿੱਧੇ ਰੂਪ ਵਿੱਚ ਕਸ਼ਟਾਂ ਵਿੱਚੋਂ ਲੰਘ ਰਿਹਾ ਹੈ ਜਾਂ ਨਹੀਂ ਲੰਘ ਰਿਹਾ, ਸਬਰ ਦਾ ਪਲੱਾ ਫੜਨਾ ਹੈ, ਅਤੇ ਇਹੋ ਈਮਾਨ ਦੀ ਨਿਸ਼ਾਨੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਇਸ ਗੱਲ ਨੂੰ ਵਰਨਣ ਕਰਦਿਆਂ ਹੋਇਆਂ ਕਿ ਆਪ ਨਾਲ ਚਲਣਾ ਕੋਈ ਸੌਖੀ ਗੱਲ ਨਹੀਂ ਹੈ ।

ਫਿਰ ਇਸ ਗੱਲ ਨੰ ਵਰਨਣ ਕਰਦਿਆਂ ਹੋਇਆਂ ਕਿ ਇਕ ਮੋਮਿਨ ਦੇ ਤਕਵਾ (ਸੰਜਮਤਾ) ਦਾ ਮਿਆਰ ਬਹੁਤ ਉਚੱਾ ਹੁੰਦਾ ਹੈ ਅਤੇ ਦੁਸ਼ਮਣਾ ਵੱਲੋਂ ਕਸ਼ਟ ਪਹੁੰਚਾਉਦਿਆਂ ਹੋਇਆਂ ਵੀ ਉਹ ਹਰ ਪ੍ਰਕਾਰ ਦੀ ਸ਼ਰਾਰਤ ਦਾ ਮੁਕਾਬਲਾ ਕਰਦੇ ਹਨ ਅਤੇ ਦੁਸ਼ਮਣਾ ਦੇ ਕਸ਼ਟਾਂ ਦੀ ਉਹ ਪਰਵਾਹ ਨਹੀਂ ਕਰਦੇ । ਦੂਜੇ ਪਾਸੇ ਦੁਖਾਂ ਦੇ ਹੁੰਦਿਆਂ ਹੋਇਆਂ ਵੀ ਉਹਨਾਂ

ਦੀਆਂ ਗ਼ਲਤੀਆਂ ਬਖ਼ਸ਼ਣ ਲਈ ਤਿਆਰ ਹੁੰਦੇ ਹਨ । ਫ਼ਸਾਦ ਨਹੀਂ ਫੈਲਾਉਂਦੇ ਸਗੋਂ ਅਮਨ ਦੇ ਦੂਤ ਬਣੇ ਰਹਿੰਦੇ ਹਨ । ਆਪ ਫ਼ਰਮਾਉਂਦੇ ਹਨ ਕਿ ਨਿਸ਼ਚੇ ਹੀ ਚੇਤੇ ਰੱਖੋ ਕਿ ਮੋਮਿਨ ਸੰਜਮੀ ਦੇ ਦਿਲ ਵਿੱਚ ਸ਼ਰਾਰਤ ਨਹੀਂ ਹੁੰਦੀ, ਮੋਮਿਨ ਜਿੰਨ੍ਹਾ ਸੰਜਮੀ ਹੋ ਜਾਂਦਾ ਹੈ ਉਨ੍ਹਾਂ ਹੀ ਕਿਸੇ ਬਾਰੇ ਦੰਡ ਜਾਂ ਕਸ਼ਟ ਨੂੰ ਪਸੰਦ ਨਹੀਂ ਕਰਦਾ । ਤਕਵਾ (ਸੰਜਮਤਾ) ਵਧੱਦਾ ਹੈ ਤਾਂ ਹਮਦਰਦੀ ਵਧੱਦੀ ਹੈ, ਦੁਸ਼ਮਣ ਨੂੰ ਵੀ ਦੰਡ ਜਾਂ ਕਸ਼ਟ ਦੇਣਾ ਪਸੰਦ ਨਹੀਂ ਕਰਦਾ । ਫ਼ਰਮਾਇਆ ਕਿ ਮੁਸਲਮਾਨ ਕਦੇ ਵੀ ਕੀਨਾ ਕਰਨ ਵਾਲਾ ਨਹੀਂ ਹੋ ਸਕਦਾ ਹਕੀਕੀ ਮੁਸਲਮਾਨ ਜੋ ਹੈ ਉਹ ਕਦੇ ਵੀ ਕੀਨਾ ਕਰਨ ਵਾਲਾ ਨਹੀਂ ਹੋ ਸਕਦਾ, ਹਾਂ, ਦੂਜੀਆਂ ਜਾਤੀਆਂ ਅਜਿਹੀਆਂ ਕੀਨਾ ਪਰਵਰ ਹੁੰਦੀਆਂ ਹਨ ਕਿ ਉਹਨਾਂ ਦੇ ਦਿਲਾਂ ਵਿੱਚੋਂ ਦੂਜੇ ਦੇ ਕੀਨੇ ਦੀ ਗੱਲ ਕਦੇ ਨਹੀਂ ਜਾਂਦੀ ਅਤੇ ਬਦਲਾ ਲੈਂਣ ਲਈ ਹਮੇਸ਼ਾ ਜਤਨ ਵਿੱਚ ਲੱਗੇ ਰਹਿੰਦੇ ਹਨ, ਪਰ ਅਸੀਂ ਦੇਖਦੇ ਹਾਂ ਕਿ ਸਾਡੇ ਵਿਰੋਧੀਆਂ ਨੇ ਸਾਡੇ ਨਾਲ ਕੀ ਕੀਤਾ ਹੈ ਕੋਈ ਦੁਖ ਤੇ ਕਸ਼ਟ ਜੋ ਉਹ ਪਹੁੰਚਾ ਸਕਦੇ ਸਨ, ਉਹਨਾਂ ਨੇ ਨ ਪਹੁੰਚਾਇਆ ਹੋਵੇ ਪਰ ਫਿਰ ਵੀ ਅਸੀਂ ਉਹਨਾਂ ਦੀਆਂ ਹਜ਼ਾਰਾਂ ਗ਼ਲਤੀਆਂ ਬਖ਼ਸ਼ਣ ਨੂੰ ਤਿਆਰ ਹਨ । ਸੋ, ਜੋ ਤੁਸੀਂ ਮੇਰੇ ਨਾਲ ਸੰਬੰਧ ਰਖੱਦੇ ਹੋ ਚੇਤੇ ਰੱਖੋ ਕਿ ਤੁਸੀਂ ਹਰ ਇਕ ਮਨੁੱਖ ਨਾਲ ਭਾਵੇਂ ਉਹ ਕਿਸੇ ਵੀ ਧਰਮ ਦਾ ਹੋਵੇ ਹਮਦਰਦੀ ਕਰੋ ਅਤੇ ਬਿਨਾ ਕਿਸੇ ਧਾਰਮਕ ਮਤਿਭੇਤ ਦੇ ਹਰ ਇਕ ਨਾਲ ਨੇਕੀ ਕਰੋ ।

ਹਜ਼ੂਰ ਨੇ ਫ਼ਰਮਾਇਆ : ਜੇਕਰ ਸਾਡੀਆਂ ਗੱਲਾਂ ਵਿੱਚ ਦੂਜਿਆਂ ਵਾਂਗ ਅਕਲ ਤੋਂ ਹੱਟਕੇ ਕੇਵਲ ਜੋਸ਼ ਹੈ ਤਾਂ ਇਹ ਤਕਵਾ (ਸੰਜਮਤਾ) ਨਹੀਂ ਹੈ ਸਾਡੇ ਅਮਲ (ਕਰਮ) ਜੇਕਰ ਇਸਲਾਮ ਦੀ ਸਿੱਖਿਆ ਅਨੁਸਾਰ ਨਹੀਂ ਤਾਂ ਇਹ ਸੰਜਮਤਾ ਨਹੀਂ ਹੈ । ਸਾਡੀ ਕਹਿਣੀ ਤੇ ਕਰਨੀ ਵਿੱਚ ਜੇਕਰ ਰੱਬ ਦੇ ਨੂਰ ਦਾ ਪ੍ਰਗਟਵਾ ਨਹੀਂ ਤਾਂ ਸਾਨੂੰ ਆਪਣੇ ਤਕਵਾ (ਸੰਜਮਤਾ) ਦੀ ਚਿੰਤਾ ਕਰਨੀ ਚਾਹੀਦੀ ਹੈ । ਮਾੜੇ ਹਾਲਾਤਾਂ ਵਿੱਚ ਜੇਕਰ ਅਸੀਂ ਜ਼ਮਾਨੇ ਦੇ ਇਮਾਮ ਦੀ ਦੱਸੀ ਹੋਈ ਨਸੀਹਤਾਂ ਤੇ ਨਿਰਦੇਸ਼ਾਂ ਉਪੱਰ ਅਮਲ ਨਹੀਂ ਕਰ ਰਹੇ ਤਾਂ ਅਸੀਂ ਉਸ ਨੂਰ ਤੋਂ ਦੂਰ ਚਲੇ ਜਾਂਵਾਂਗੇ ਜੋ ਰੱਬ ਵੱਲੋਂ ਉਸ ਦੀ ਆਗਿਆਕਾਰੀ ਕਰਕੇ ਸਾਨੂੰ ਮਿਲਣੇ ਹਨ । ਸੋ, ਸਾਨੂੰ ਪਹਿਲਾਂ ਆਪਣੇ ਜਾਇਜ਼ੇ ਲੈਂਣ ਦੀ ਲੋੜ ਹੈ । ਜੇਕਰ ਸਾਡੇ ਤਕਵਾ ਦਾ ਮਿਆਰ ਐਨ੍ਹੇ ਉਚੇ ਹੋ ਚੁਕੇ ਹਨ ਕਿ ਜਿੱਥੇ ਸਾਨੂੰ ਰੱਬ ਦਾ ਨੂਰ ਦਿਖਾਈ ਦੇਵੇ ਅਤੇ ਸਾਡੀਆਂ ਦੁਆਵਾਂ ਦੀਆਂ ਕੋਮਲਤਾ ਉਹਨਾਂ ਦੀਆਂ ਹਦਾਂ ਨੂੰ ਛੂ ਰਹੀਆਂ ਹੋਣ ਜੋ ਇਕ ਸਹੀ ਦੁਆ ਕਰਨ ਵਾਲੇ ਲਈ ਚਾਹੀਦੀਆਂ ਹਨ, ਜੋ ਰੱਬ ਚਾਹੁੰਦਾ ਹੈ ਤਾਂ ਫਿਰ ਸਾਨੂੰ ਇਸ ਗੱਲ'ਤੇ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਰੱਬ ਦੀ ਸਹਾਇਤਾ ਤੇ ਮਦਦ ਨੇੜੇ ਹੈ ਅਤੇ ਰੱਬ ਹੀ ਸਾਡੇ ਲਈ ਦੇਸ਼ ਵੀ ਬਣਾਏਗਾ ਅਤੇ ਸਾਡੇ ਲਈ ਧਰਤੀ ਵੀ ਪਧੱਰੀ ਕਰੇਗਾ । ਇੰਸ਼ਾਅਲੱਾਹ । ਅਤੇ ਜੇਕਰ ਇਸ ਤੋਂ ਹਟੱਕੇ ਅਸੀਂ ਕੁਝ ਪ੍ਰਾਪਤ ਕਰਨਾ ਚਾਹੁੰਦੇ ਹਾਂ ਜਾਂ ਇੱਛਾ ਕਰਦੇ ਹਾਂ ਤਾਂ ਕੁਝ ਨਹੀਂ ਮਿਲੇਗਾ । ਸਾਡੇ ਸਾਹਮਣੇ ਉਹਨਾਂ ਤੰਜ਼ੀਮਾ ਦੀਆਂ ਉਧਾਰਣਾ ਹਨ ਜੋ ਇਸਲਾਮ ਦੇ ਨਾਂ'ਤੇ ਅਤੇ ਅਥਾਹ ਵਸੀਲਿਆਂ ਰਾਹੀਂ ਮਿਲੀਯੰਜ਼ ਬਿਲੀਯੰਜ਼ ਡਾਲਰਾਂ ਤੇ ਪਾਉਂਡਜ਼ ਖਰਚ ਕਰਕੇ ਹੁਕੂਮਤ ਕਾਇਮ ਕਰਨਾ ਚਾਹੁੰਦੀਆਂ ਹਨ ਇਸਲਾਮੀ ਹੁਕੂਮਤਾਂ, ਪਰ ਸਿਵਾਏ ਫ਼ਸਾਦ ਤੇ ਅਤਿਆਚਾਰ ਦੇ ਹੋਰ ਕੁਝ ਨਹੀਂ ਮਿਲਿਆ । ਆਰਜ਼ੀ ਕਬਜ਼ੇ ਵੀ ਹੋਏ, ਉਹ ਵੀ ਹੱਥੋਂ ਨਿਕਲ ਗਏ । ਇਸਲਾਮ ਨੂੰ ਬਦਨਾਮ ਕਰਨ ਵਾਲੇ ਤਾਂ ਇਹ ਕਹਿਲਾਉਂਦੇ ਹਨ, ਦੁਨੀਆ ਵਿੱਚ ਇਸਲਾਮ ਨੂੰ ਬਦਨਾਮ ਕਰ ਰਹੇ ਹਨ, ਇਸਲਾਮ ਦੀ ਸੇਵਾ ਕਰਨ ਵਾਲਾ ਇਹਨਾ ਨੂੰ ਕੋਈ ਨਹੀਂ ਕਹਿੰਦਾ । ਇਸਲਾਮ ਦੀ ਸੇਵਾ ਅਤੇ ਇਸਲਾਮ ਦਾ ਪ੍ਰਸਾਰ ਹੁਣ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਾਹੀਂ ਹੀ ਮੁਕਦੱਰ ਹੈ ਅਤੇ ਆਪ ਦੀ ਜਮਾਤ ਰਾਹੀਂ ਅਤੇ ਇਸੇ ਅਵਸਥਾ ਵਿੱਚ ਸੰਭਵ ਹੈ ਜੱਦ ਅਸੀਂ ਰੱਬ ਦੇ ਭੇਜੇ ਹੋਏ ਇਸ ਸੁਧਾਰਕ ਦੇ ਪਦੱਚਿੰਨ੍ਹਾ ਉਪੱਰ ਚਲੱਾਂਗੇ ਨਹੀਂ ਤਾਂ ਸੰਸਾਰਕ ਪੱਖੋਂ ਤਾਂ ਅਸੀਂ ਜਿਨ੍ਹੇ ਵੀ ਜਤਨ ਕਰ ਲਈਏ ਨ ਸਾਡੇ ਕੋਲ ਤਾਕਤ ਹੈ ਨ ਸਾਧਨ ਹਨ ਕਿ ਅਸੀਂ ਕੁਝ ਹਾਸਲ ਕਰ ਸਕੀਏ । ਪਰ ਜੇਕਰ ਅਸੀਂ ਆਪਣੇ ਅੰਦਰ ਤਕਵਾ (ਸੰਜਮਤਾ) ਪੈਦਾ ਕਰ ਲਈਏ ਜੇਕਰ ਅਸੀਂ ਆਪਣੇ ਮਨਾਂ ਵਿੱਚ ਰੱਬ ਦਾ ਖ਼ੌਫ਼ ਪੈਦਾ ਕਰ ਲਈਏ ਜੇਕਰ ਅਸੀਂ ਆਪਣੀਆਂ ਦੁਆਵਾਂ ਨੂੰ ਅਖੀਰ ਤੱਕ ਪਹੁੰਚਾਉਣ ਵਾਲੇ ਹੋਵਾਂਗੇ ਤਾਂ ਜਿਵੇਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਕੁਰਆਨ ਕਰੀਮ ਦੇ ਹਵਾਲੇ ਨਾਲ ਫ਼ਰਮਾਇਆ ਹੈ ਕਿ ਸਾਨੂੰ ਉਹ ਨੂਰ ਤੇ ਤਾਕਤਾਂ ਪ੍ਰਾਪਤ

ਹੋਣਗੀਆਂ ਜਿਸ ਦਾ ਕੋਈ ਵੱਡੀ ਤੋਂ ਵੱਡੀ ਤਾਕਤ ਵੀ ਮੁਕਾਬਲਾ ਨਹੀਂ ਕਰ ਸਕਦੀ ਅਤੇ ਰੱਬ ਦਾ ਇਹ ਫ਼ਰਮਾਨ ਵੀ ਹੈ (ان اکرمکم عند اللہ اتقٰکمْ) ਇਨ ਅਕਰਾਮੁਕੁਮ ਇੰਦਲੱਾਹਿ ਅਤਕਾ ਕੁਮ । ਕਿ ਰੱਬ ਨੇੜੇ ਤੁਹਾਡੇ ਵਿੱਚੋਂ ਸਭ ਤੋਂ ਵੱਧ ਪਿਆਰਾ ਤੇ ਸਨਮਾਨ ਯੋਗ ਉਹੋ ਹੈ ਜੋ ਸਭ ਤੋਂ ਵੱਧ ਮੁਤਕੀ (ਸੰਜਮੀ) ਹੈ, ਤਾਂ ਕੀ ਰੱਬ ਗ਼ਲਤ ਕਹਿੰਦਾ ਹੈ ? ਇਕ ਪਾਸੇ ਤਾਂ ਮੁਤਕੀ ਨੂੰ ਸਨਮਾਨ ਯੋਗ ਆਖੇ ਅਤੇ ਦੂਜੇ ਪਾਸੇ ਦੁਨੀਆ ਵਾਲਿਆਂ ਸਾਹਮਣੇ ਉਹਨਾਂ ਨੂੰ ਜ਼ਲੀਲ ਕਰਕੇ ਛੱਡ ਦੇਵੇ, ਨਿਸ਼ਚੇ ਹੀ ਨਹੀਂ । ਇਹ ਠੀਕ ਹੈ ਕਿ ਨਬੀਆਂ ਅਤੇ ਉਹਨਾਂ ਦੀਆਂ ਜਮਾਤਾਂ ਨੂੰ ਦੁਨੀਆਦਾਰਾਂ ਦੀ ਵਿਰੋਧਤਾ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪ ਵਰਨਣ ਕੀਤਾ ਹੈ, ਪਰ ਕੀ ਹਰ ਮੌਕੇ'ਤੇ ਦੁਸ਼ਮਣ ਆਪ ਪਰਾਜਿਤ ਤੇ ਅਸਫ਼ਲ ਨਹੀਂ ਹੋਇਆ । ਕੀ ਹਰ ਇਕ ਜੋ ਜਮਾਤ ਦੀ ਤਰੱਕੀ ਵਿੱਚ ਰੋਕ ਪਾਉਣ ਲਈ ਖੜਾ ਹੋਇਆ ਜਾਂ ਹਰ ਰੋਕ ਜੋ ਜਮਾਤ ਦੀ ਤਰੱਕੀ ਵਿੱਚ ਪਾਈ ਗਈ ਉਸ ਤੋਂ ਜਮਾਤ ਹੋਰ ਵਧੀ ਫਲੀ ਫੁੱਲੀ ਨਹੀਂ ? ਅੰਦਰੂਨੀ ਹੱਥਕੰਡੇ ਵੀ ਦੁਸ਼ਮਣ ਨੇ ਅਜ਼ਮਾਏ ਬਾਹਰੋਂ ਵੀ ਹਮਲੇ ਕੀਤੇ ਪਰ ਜਮਾਤ ਤਰੱਕੀ ਦੇ ਸ਼ਾਹ ਮਾਰਗਾਂ ਉਪੱਰ ਪੈਰ੍ਹ ਮਾਰਦਿਆਂ ਹੋਇਆਂ ਅੱਜ ਦੋ ਸੌ ਨੌਂ ਦੇਸ਼ਾਂ ਵਿੱਚ ਪਸਰ ਚੁਕੀ ਹੈ । ਜੇਕਰ ਇਕ ਥਾਂ ਤੋਂ ਦਬਾਉਂਦੇ ਹਨ ਤਾਂ ਦੱਸ ਹੋਰਨਾਂ ਥਾਵਾਂ ਉਪੱਰ ਪਹਿਲਾਂ ਤੋਂ ਵਧੱਕੇ ਫੈਲਣ ਦੇ ਸਾਧਨ ਰੱਬ ਪ੍ਰਦਾਨ ਕਰ ਦਿੰਦਾ ਹੈ, ਰੱਬ ਤਾਂ ਕਹਿੰਦਾ ਹੈ ਕਿ ਮੈਂ ਇਕ ਸਾਧਾਰਣ ਵਿਅਕਤੀ ਨੂੰ ਜੋ ਤਕਵਾ ਵਿੱਚ ਵੱਧਿਆ ਹੋਇਆ ਹੈ ਬਿਨਾਂ ਸਨਮਾਨ ਦਿੱਤੇ ਨਹੀਂ ਛਡੱਦਾ ਤਾਂ ਕੀ ਜਿਸ ਵਿਅਕਤੀ ਨੂੰ ਰੱਬ ਨੇ ਆਪ ਭੇਜਿਆ ਹੈ ਅਤੇ ਬੀਤੇ ਸੌ ਸਾਲਾਂ ਤੋਂ ਅਸੀਂ ਜਿਸ ਦੇ ਨਾਲ ਰੱਬ ਦੀਆਂ ਸਹਾਇਤਾਵਾਂ ਦੇਖ ਰਹੇ ਹਨ ਅੱਜ ਰੱਬ ਉਸ ਦੀ ਜਮਾਤ ਦੀ ਤਰੱਕੀ ਦੇ ਬਾਕੀ ਵਾਦੇ ਪੂਰੇ ਕੀਤੇ ਬਿਨਾ ਛੱਡ ਦੇਵੇਗਾ । ਬਿਨਾ ਸਨਮਾਨ ਦਿੱਤਿਆਂ ਛੱਡ ਦੇਵੇਗਾ, ਇਹ ਕਦੇ ਨਹੀਂ ਹੋ ਸਕਦਾ, ਪਰ ਜਿਵੇਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਇਹ ਸਭ ਕੁਝ ਪੱਕੇ ਇਰਾਦੇ ਤੇ ਇਕਸਾਰਤਾ ਨਾਲ ਮਿਲੇਗਾ ਇਹ ਸ਼ਰਤ ਹੈ । ਜੇਕਰ ਅਸੀਂ ਇਕਸਾਰਤਾ ਨਾਲ ਰੱਬ ਦਾ ਪਲੱਾ ਫੜੀਂ ਰਖੱਾਂਗੇ ਤਾਂ ਦੁਸ਼ਮਣ ਦੀ ਧੂੜ ਉਡੱਦਿਆਂ ਵੀ ਅਸੀਂ ਦੇਖਾਂਗੇ, ਇੰਸ਼ਾਅਲੱਾਹ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

ਜੇਕਰ ਤੁਹਾਡਾ ਜੀਵਨ ਅਤੇ ਤੁਹਾਡੀ ਮੌਤ ਅਤੇ ਤੁਹਾਡੀ ਹਰ ਇਕ ਹਰਕਤ, ਹਰ ਇਕ ਨਰਮੀ ਤੇ ਗਰਮੀ ਅਰਥਾਤ ਖ਼ੁਸ਼ ਮਿਜ਼ਾਜੀ ਵੀ ਗੁਸੱਾ ਵੀ, ਕੇਵਲ ਰੱਬ ਖ਼ਾਤਰ ਹੋ ਜਾਵੇ, ਵਿਅਕਤੀਗੱਤ ਉਦੇਸ਼ਿਆਂ ਲਈ ਕਿਸੇ'ਤੇ ਗੁਸੱਾ ਨ ਹੋਵੇ ਨ ਕਿਸੇ ਸੰਸਾਰਕ ਚੀਜ਼ ਨੂੰ ਦੇਖਕੇ ਖ਼ੁਸ਼ ਹੋ ਜਾਓ, ਰੱਬ ਦੀ ਰਜ਼ਾ ਪ੍ਰਾਪਤ ਕਰਨ ਲਈ ਹੋਣ ਇਹ ਚੀਜ਼ਾਂ ਤਾਂ ਫਿਰ ਫ਼ਰਮਾਇਆ ਅਤੇ ਹਰ ਇਕ ਤੰਗੀ ਅਤੇ ਔਕੁੜ ਦੇ ਸਮੇਂ ਤੁਸੀਂ ਰੱਬ ਦੀ ਪ੍ਰੀਖਿਆ ਨਹੀਂ ਕਰੋਗੇ ਅਤੇ ਸੰਬੰਧ ਨਹੀਂ ਤੋੜੋਗੇ ਸਗੋਂ ਕਮ ਅੱਗੇ ਵਧਾਉਂਦੇ ਜਾਓਗੇ ਤਾਂ ਮੈਂ ਸੱਚ ਸੱਚ ਕਹਿੰਦਾ ਹਾਂ ਕਿ ਤੁਸੀਂ ਰੱਬ ਦੀ ਇਕ ਵਿਸ਼ੇਸ਼ ਕੌਮ ਬਣ ਜਾਓਗੇ । ਤੁਸੀਂ ਵੀ ਮਨੁੱਖ ਹੋ ਜਿਵੇਂ ਕਿ ਮੈਂ ਮਨੁੱਖ ਹਾਂ ਅਤੇ ਉਹੋ ਮੇਰਾ ਰੱਬ ਤੁਹਾਡਾ ਰੱਬ ਹੈ । ਸੋ, ਆਪਣੀਆਂ ਪਵਿੱਤਰ ਸ਼ਕਤੀਆਂ ਨੂੰ ਨਸ਼ਟ ਨ ਕਰੋ । ਜੇਕਰ ਤੁਸੀਂ ਪੂਰਨ ਰੂਪ ਵਿੱਚ ਰੱਬ ਵੱਲ ਝੁਕੋਗੇ ਤਾਂ ਦੇਖੋ, ਮੈਂ ਤੁਹਾਨੂੰ ਰੱਬ ਦੀ ਇੱਛਾ ਅਨੁਸਾਰ ਕਹਿੰਦਾ ਹਾਂ ਕਿ ਤੁਸੀਂ ਰੱਬ ਦੀ ਇਕ ਪਵਿੱਤਰ ਕੌਮ ਬਣ ਜਾਓਗੇ । ਰੱਬ ਦੀ ਅਜ਼ਮਤ (ਸਨਮਾਨ) ਆਪਣੇ ਮਨਾਂ ਵਿੱਚ ਵਸਾ ਲਓ ਅਤੇ ਉਸ ਦੀ ਤੌਹੀਦ ਦਾ ਇਕਰਾਰ ਨ ਕੇਵਲ ਮੂੰਹੋਂ ਸਗੋਂ ਅਮਲੀ ਰੂਪ ਵਿੱਚ ਕਰੋ ਤਾਂ ਜੋ ਰੱਬ ਵੀ ਅਮਲੀ ਰੂਪ ਵਿੱਚ ਆਪਣੀ ਸੁਖਮਤਾਈ ਤੇ ਉਪੱਕਾਰ ਤੁਹਾਡੇ ਉਪੱਰ ਪ੍ਰਕਟ ਕਰੇ ।

ਸੋ ਸਾਡੇ ਵਿੱਚੋਂ ਹਰ ਇਕ ਨੂੰ ਆਪਣੀਆਂ ਹਾਲਤਾਂ ਵਿੱਚ ਤਬਦੀਲੀਆਂ ਕਰਨ ਦੀ ਲੋੜ ਹੈ ਜੋ ਕਮਜ਼ੋਰ ਹਨ ਉਹ ਆਪਣੇ ਜਾਇਜ਼ੇ ਲੈਂਣ ਜੋ ਆਪਣੇ ਆਪ ਨੂੰ ਚੰਗਾ ਸਮਝਦੇ ਹਨ ਉਹ ਵੀ ਨੇਕੀਆਂ ਵਿੱਚ ਵਧੱਣ ਦੇ ਹੋਰ ਸਾਧਨ ਆਨੰਦਮਈ ਮਾਰਗ ਭਾਲਣ ਕਿ ਰੱਬ ਹੀ ਜਾਣਦਾ ਹੈ ਕਿ ਕੋਣ ਚੰਗਾ ਹੈ ਅਤੇ ਕਿੱਥੋਂ ਤੱਕ ਅਸੀਂ ਆਪਣੇ ਉਦੇਸ਼ ਪ੍ਰਾਪਤ ਕਰ ਲਏ ਹਨ । ਰੱਬ ਸਾਨੂੰ ਇਕ ਥਾਂ ਟਿਕਿਆ ਹੋਇਆ ਨਹੀਂ ਦੇਖਣਾ ਚਾਹੁੰਦਾ, ਇਹ ਵਿਚਾਰ ਕਿਸੇ ਨੂੰ ਨਹੀਂ ਹੋਣਾ

ਚਾਹੀਦਾ ਕਿ ਮੈਂ ਹੁਣ ਚੰਗਾ ਹੋ ਗਿਆ ਅਤੇ ਨੇਕੀਆਂ ਵਿੱਚ ਵੱਧ ਰਿਹਾ ਹਾਂ ਜਾਂ ਨੇਕੀਆਂ ਨੂੰ ਪ੍ਰਾਪਤ ਕਰ ਲਿਆ ਹੈ । ਸਾਨੂੰ ਆਪਣੇ ਮਿਆਰਾਂ ਨੂੰ ਨਿਤੱ ਉਚੱਾ ਕਰਨ ਲਈ ਧਿਆਨ ਦੇਣ ਦੀ ਲੋੜ ਹੈ । ਇਕ ਥਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ

ਰੱਬ ਨੇ ਮੈਂਨੂੰ ਸੰਬੋਧਤ ਕਰਕੇ ਫ਼ਰਮਾਇਆ ਕਿ ਮੈਂ ਆਪਣੀ ਜਮਾਤ ਨੂੰ ਸੂਚਿਤ ਕਰਾਂ ਕਿ ਜੋ ਇਮਾਨ ਲਿਆਏ ਅਜਿਹਾ ਇਮਾਨ ਜਿਸ ਦੇ ਨਾਲ ਦੁਨੀਆ ਦੀ ਮਿਲਾਵਟ ਨਹੀਂ ਅਤੇ ਉਹ ਇਮਾਨ ਪਖੰਡ ਤੇ ਕਾਇਰਤਾ ਤੋਂ ਦੂਸ਼ਿਤ ਨਹੀਂ ਅਤੇ ਇਮਾਨ ਅਗਿਆਕਾਰੀ ਦੇ ਕਿਸੇ ਦਰਜੇ ਤੋਂ ਮਹਿਰੂਮ ਨਹੀਂ ਅਜਿਹੇ ਲੋਕ ਰੱਬ ਦੇ ਪਸੰਦੀਦਾ ਲੋਕ ਹਨ ਅਤੇ ਰੱਬ ਫ਼ਰਮਾਉਂਦਾ ਹੈ ਕਿ ਉਹੋ ਹਨ ਜਿੰਨ੍ਹਾ ਦਾ ਕਦਮ ਸਚੱ ਦਾ ਕਦਮ ਹੈ ।

ਸੋ, ਸਾਨੂੰ ਇਸ ਸਚੱਾਈ ਦੇ ਕਦਮਾਂ ਉਪੱਰ ਚਲੱਣ ਦੀ ਲੋੜ ਹੈ ਤਾਂ ਜੋ ਇਹਨਾਂ ਸਫ਼ਲਤਾਵਾਂ ਦੇ ਦ੍ਰਿਸ਼ ਅਸੀਂ ਦੇਖ ਸਕੀਏ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਨਾਲ ਸਲੰਗਤ ਹਨ ਜੋ ਰੱਬ ਨੇ ਆਪ ਜੀ ਨਾਲ ਮੁਕਦੱਰ ਕੀਤੇ ਹੋਏ ਹਨ । ਇਹ ਮੁਸੀਬਤਾਂ ਦਾ ਦੋਰ ਨਿਸ਼ਚੇ ਹੀ ਖ਼ਤਮ ਹੋਣ ਵਾਲਾ ਸਮਾਂ ਹੈ ਪਰ ਇਸ ਵਿੱਚ ਤੇਜ਼ੀ ਲਿਆਉਣ ਲਈ ਸਾਨੂੰ ਆਪਣੇ ਤਕਵਾ ਦੇ ਮਿਆਰਾਂ ਨੂੰ ਵਧਾਉਣ ਅਤੇ ਵਧਾਉਂਦੇ ਚਲੇ ਜਾਣ ਦੀ ਲੋੜ ਹੈ । ਨਿਸ਼ਚੇ ਹੀ ਰੱਬ ਨੇ ਇਸ ਜੁੱਗ ਵਿੱਚ ਇਹ ਜਮਾਤ ਇਸ ਲਈ ਕਾਇਮ ਕੀਤੀ ਹੈ ਕਿ ਇਸਲਾਮ ਦਾ ਦੁਨੀਆ ਵਿੱਚ ਬੋਲ ਬਾਲਾ ਹੋਵੇ ਅਤੇ ਇਸਲਾਮ ਦੁਨੀਆ ਵਿੱਚ ਫੈਲੇ ਅਤੇ ਸਾਰਿਆਂ ਧਰਮਾਂ ਉਪੱਰ ਇਸਲਾਮ ਦੀ ਫ਼ਤਹਿ ਹੋਵੇ । ਰੱਬ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਇਹ ਵਾਦਾ ਕੀਤਾ ਹੈ ਕਿ ਇਸ ਜਮਾਤ ਨੇ ਵਧੱਣਾ ਹੈ ਫਲਣਾ ਤੇ ਫੁਲਣਾ ਹੈ ਅਤੇ ਦੁਨੀਆ ਦੀ ਕੋਈ ਤਾਕਤ ਇਸ ਨੂੰ ਖ਼ਤਮ ਨਹੀਂ ਕਰ ਸਕਦੀ । ਆਪ ਫ਼ਰਮਾਉਂਦੇ ਹਨ ਕਿ ਇਹ ਵਿਚਾਰ ਨ ਕਰੋ ਕਿ ਰੱਬ ਤੁਹਾਨੂੰ ਨਸ਼ਟ ਕਰ ਦੇਵੇਗਾ । ਤੁਸੀਂ ਰੱਬ ਦੇ ਹੱਥ ਦਾ ਬੀਜਿਆ ਹੋਇਆ ਇਕ ਬੀਜ ਹੋ ਜੋ ਧਰਤੀ ਵਿੱਚ ਬੀਜਿਆ ਗਿਆ ਹੈ, ਰੱਬ ਫ਼ਰਮਾਉਂਦਾ ਹੈ ਕਿ ਇਹ ਬੀਜ ਵਧੇਗਾ ਫੁੱਲੇਗਾ ਅਤੇ ਹਰ ਇਕ ਪਾਸੇ ਇਸ ਦੀਆਂ ਟਾਹਣੀਆਂ ਫੈਲਣਗੀਆਂ ਅਤੇ ਇਕ ਵਡੱਾ ਰੁੱਖ ਬਣ ਜਾਵੇ ਗਾ ।

ਰੱਬ ਕਰੇ ਕਿ ਸਾਡੇ ਵਿੱਚੋਂ ਹਰ ਕੋਈ ਇਸ ਰੁੱਖ ਦੀਆਂ ਵਧੱਣ ਫੁਲੱਣ ਵਾਲੀਆਂ ਟਾਹਣੀਆਂ ਬਣ ਜਾਵੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਆਪਣੀ ਜਮਾਤ ਤੋਂ ਜੋ ਆਸ਼ਾਵਾਂ ਹਨ ਉਹਨਾਂ'ਤੇ ਅਸੀਂ ਪੂਰੇ ਉਤਰਨ ਵਾਲੇ ਹੋਈਏ ਤਕਵਾ ਵਿੱਚ ਤਰਕੀ ਕਰਨ ਵਾਲੇ ਹੋਈਏ ਅਤੇ ਸਬਰ, ਸੰਤੋਖ ਤੇ ਦੁਆ ਨਾਲ ਦੁਸ਼ਮਣ ਦੇ ਹਰ ਹਮਲੇ ਨੂੰ ਅਸਫ਼ਲ ਤੇ ਨਾਮੁਰਾਦ ਕਰਦੇ ਚਲੇ ਜਾਣ ਵਾਲੇ ਹੋਈਏ ।

ਹਜ਼ੂਰ ਨੇ ਨਮਾਜ਼ਾਂ ਤੋਂ ਬਾਦ ਮੁਕਰੱਮ ਮਲਿਕ ਖ਼ਾਲਿਦ ਜਾਵੇਦ ਸਾਹਬ ਦੋਲਮੀਆਂ ਜ਼ਿਲਾ ਚਕਵਾਲ ਦੀ ਨਮਾਜ਼ੇ ਜਨਾਜ਼ਾਹ ਗ਼ਾਇਬ ਪੜ੍ਹਾਈ । ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ । اناللہواناالیہراجعون۔

**Khulasa Khutba Jumma 30.09.2016**

Delivered By : Hadhrat Khalifatul Masih Vth (atba)

Summarized by : Majlis Ansarullah Bharat

Tarnslated by : Shamshad Ahmad Eden, from Punjabi Desk

From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131